ਹੰਝੂ ਤੇ ਹੌਕੇ

SARDAR DYAL SINGH LIBRARY LAHORE

ਲਾਹੌਰ ਬੁਕ ਸ਼ਾਪ
ਨਿਸਬਤ ਰੋਡ,
ਲਾਹੌਰ

ਅੰਮ੍ਰਿਤ ਕੌਰ

The rights of translation or reproduction of this book or any part thereof, are strictly reserved.

891.421
M E 1/2
27780

JANUARY 1942.

Published by the Author.
Printed at
The Commercial Printing Works, Ganpat Road,
Lahore, by Ramsaran Das.

ਪ੍ਰਵੇਸ਼

ਚਾਰ ਕੁ ਵਰ੍ਹੇ ਹੋਏ, ਮੈਂ ਬੀਬੀ ਅੰਮ੍ਰਿਤ ਜੀ ਦਾ ਪ੍ਰਚਿਯ ਕਰਾਇਆ ਸੀ, ਮੈਨੂੰ ਉਸ ਵੇਲੇ ਏਨ੍ਹਾਂ ਦੀ ਬਾਲ ਉਮਰ ਵਿਚੋਂ ਕਿਸੇ ਪੱਕੀ ਸ਼ਖਸੀਅਤ ਦਾ ਝਾਉਲਾ ਪਿਆ ਸੀ,ਤੇ ਮੈਂ ਆਪਣੀਆਂ ਆਸਾਂ ਬਿਨਾਂ ਸੰਕੋਚ ਪ੍ਰਗਟ ਕਰ ਦਿਤੀਆਂ ਸਨ। ਮੈਂ ਮੰਨਦਾ ਹਾਂ ਕਿ ਮੇਰੀ ਉਸ ਵੇਲੇ ਦੀ ਪ੍ਰਸ਼ੰਸਾ ਅੰਮ੍ਰਿਤ ਜੀ ਦੀ ਏਨੀਂ ਤਤਕਾਲਿਕ ਤਸਵੀਰ ਨਹੀਂ ਸੀ, ਜਿੰਨੀ ਉਹ ਉਹਨਾਂ ਦੀ ਭਵਿਸ਼ਕਾਲਿਕ ਹੋਣੀ ਦਾ ਖ਼ਾਕਾ ਸੀ। ਤੇ ਹੁਣ ਮੈਂ ਕੇਡਾ

ਖੁਸ਼ ਹਾਂ ਕਿ ਮੇਰਾ ਉਹ ਖ਼ਾਕਾ ਦਿਨੋ ਦਿਨ ਭਰਿਆ ਜਾ ਰਿਹਾ ਏ।

ਇਹ "ਤ੍ਰੇਲ ਧੋਤੇ ਫੁੱਲ" ਅੰਮ੍ਰਿਤ ਜੀ ਦੀ ਸਾਹਿਤਕ ਦੁਨੀਆਂ ਨੂੰ ਨਵੀਂ ਭੇਟਾ ਹੈ। ਏਹ ਬੜੇ ਕੋਮਲ ਸ਼ਬਦਾਂ ਵਿੱਚ ਹਰ ਦਿਲ ਦੀਆਂ ਮਿੱਠੀਆਂ ਯਾਦਾਂ ਜਗਾਣ ਵਾਲੀਆਂ ਕਵਿਤਾਵਾਂ ਦਾ ਸੰਗ੍ਰਿਹ ਹੈ। ਇਹਨਾਂ ਕਵਿਤਾਵਾਂ ਦੇ ਹੁਨਰ ਦੀ ਪ੍ਰਸ਼ੰਸਾ ਤੇ ਕੋਈ ਕਵੀ ਹੀ ਕਰ ਸਕੇਗਾ, ਮੈਂ ਇਹਨਾ ਦੀ ਆਤਮਾ ਬਾਬਤ ਕੁਝ ਦਸ ਸਕਦਾ ਹਾਂ। ਹਰ ਕ੍ਰਿਤ, ਹੁਨਰ ਤੋਂ ਇਲਾਵਾ, ਅੰਤਰ ਆਤਮਾ ਦਾ ਪ੍ਰਗਟਾਵਾ ਹੁੰਦੀ ਹੈ। ਅੰਮ੍ਰਿਤ ਜੀ ਦੀ ਆਤਮਾ ਮੈਨੂੰ ਇਹਨਾਂ ਕਵਿਤਾਵਾਂ ਵਿਚੋਂ ਪ੍ਰਤੱਖ ਦਿਸਦੀ ਹੈ, ਸਿਰਫ ਚਾਰ ਚੀਜ਼ਾਂ—ਮੇਰਾ ਦੇਸ, ਅਸੀਸ ਕਿ ਬਦ ਅਸੀਸ, ਗਿਣਤੀ ਤੇ ਓਸੇ ਘੜੀ—ਐਸੀਆਂ ਹਨ ਜਿਹੜੀਆਂ ਇਸ ਸੰਗ੍ਰਹਿ ਦਾ ਭਾਗ ਨਹੀਂ ਜਾਪਦੀਆਂ। ਬਾਕੀ ਸਭ ਕਵਿਤਾਵਾਂ, ਗੀਤ ਤੇ ਖ਼ਿਆਲ ਨਿਰੋਲ ਮਨੁਖੀ ਆਤਮਾ ਦੀ ਆਪਣੇ ਅਸਲੇ ਲਈ ਤਾਂਘ ਹਨ।

ਬਹੁਤਿਆਂ ਵਿਚ ਇਹ ਤਾਂਘ ਉਘੜੀਆਂ ਖੁਦਗਰਜ਼ੀਆਂ ਹੇਠਾਂ ਗੁੱਝੀ ਰਹਿੰਦੀ ਹੈ ਪਰ ਕਈਆਂ ਅੰਮ੍ਰਿਤ ਜੀ ਵਰਗੀਆਂ ਪ੍ਰੇਮ-ਧੋਤੀਆਂ ਆਤਮਾਵਾਂ ਵਿਚ ਨਿੱਖਰ ਪੈਂਦੀ ਹੈ। ਸਵੇਰੇ ਜਾਂ ਅਵੇਰੇ ਇਹ ਬੇਕਰਾਰੀ ਸਭ ਆਤਮਾਵਾਂ ਵਿਚ ਆਉਂਦੀ ਹੈ ਕਿਉਂਕਿ ਕੋਈ ਰੂਹ ਹਮੇਸ਼ਾਂ ਲਈ ਸ੍ਵਾਮੀ-ਰੂਹ ਨਾਲੋਂ ਅਡਰੀ ਨਹੀਂ ਰਹਿ ਸਕਦੀ। ਸਾਰੀ ਹਸਤੀ ਇਕ-ਰੂਹ ਹੈ, ਤੇ ਹਸਤੀ ਦੇ ਸਭ ਭਾਗਾਂ ਵਿਚ ਇਕ-ਮਿਕ ਹੋਣ ਦੀ ਖਿੱਚ ਹਮੇਸ਼ਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.